# ਮੀਆਂ ਮੁਹੰਮਦ ਬਖ਼ਸ਼ ঃ- ਬਾਗ਼ ਸੁੱਕਾ ਕਰ ਹਰਿਆ

**ਡਾਕਟਰ ਮੰਜ਼ੂਰ ਇਜਾਜ਼**

**"ਰਹਿਮਤ ਦਾ ਮੀਂਹ ਪਾ ਇਲਾਹੀ ਬਾਗ਼ ਸੁੱਕਾ ਕਰ ਹਰਿਆ ਬੂਟਾ ਆਸ ਉਮੀਦ ਮੇਰੀ ਦਾ ਕਰਦੇ ਮੇਵੇ ਭਰਿਆ"**

ਸੈਫ਼ ਅਲ-ਮਲੂਕ ਲਿਖਦਿਆਂ ਮੀਆਂ ਮੁਹੰਮਦ ਬਖ਼ਸ਼ ਹੋਰਾਂ ਨੇ ਗਲ ਹੀ 'ਸੁੱਕੇ ਬਾਗ਼' ਤੋਂ ਸ਼ੁਰੂ ਕੀਤੀ, ਤੇ ਪਹਿਲਾ ਸ਼ਿਅਰ ਆਪਣੀ ਉਮੀਦ ਦੇ ਬੂਟੇ ਦੇ ਮੇਵੇ ਭਰਿਆ ਹੋਵਣ ਤੇ ਮੁਕਾਈ। ਮੀਆਂ ਮੁਹੰਮਦ ਬਖ਼ਸ਼ ਹੋਰੀਂ 1830 ਦੇ ਨੇੜੇ ਤੇੜੇ ਜੰਮੇ ਸਨ ਜਦ ਉਹਨਾਂ ਨੇ 1863 ਵਿਚ ਆਪਣੀ ਲਿਖਤ ਸੈਫ਼ ਅਲ-ਮਲੂਕ ਪੂਰੀ ਕੀਤੀ ਤੇ ਉਹਨਾਂ ਦੀ ਉਮਰ 33ਵਰ੍ਹੇ ਦੀ ਸੀ। ਇਸ ਦਾ ਮਤਲਬ ਹੈ ਜੋ ਉਹਨਾਂ ਦੇ ਜੰਮਣ ਵੇਲੇ ਰਣਜੀਤ ਸਿੰਘ (1780-1839) ਦੇ ਅਖੀਰੀ ਦਿਨ ਸਨ।

ਇਸ ਲਈ ਉਹਨਾਂ ਰਣਜੀਤ ਸਿੰਘ ਦੇ ਮਰਨ ਮਗਰੋਂ ਦਸ ਸਾਲਾਂ ਵਿਚ ਸਿੱਖ ਫ਼ੌਜ ਦੀ ਮਾਰ ਧਾੜ ਤੇ ਅਫ਼ਰਾਤਫ਼ਰੀ ਵੀ ਭੁਗਤੀ ਤੇ ਫਿਰ 1849 ਵਿਚ ਅੰਗਰੇਜ਼ ਦਾ ਕਬਜ਼ਾ ਹੁੰਦਾ ਵੀ ਵੇਖਿਆ। ਉਹਨਾਂ ਨੇ ਉਰਦੂ ਦਾ ਪੰਜਾਬ ਤੇ ਧਾਵਾ ਵੀ ਝੱਲਿਆ। ਜਦ ਇਹ ਸ਼ਿਅਰ ਬਣਿਆ ਸੀ " ਹਿੰਦੁਸਤਾਨੀ ਬੜੇ ਸ਼ੈਤਾਨੀ ਅਕੜ ਅਕੜ ਕਰ ਚਲਤੇ ਹੈਂ" ਉਹਨਾਂ ਬਾਰ ਵਿਚ ਨਹਿਰਾਂ ਪੱਟਣ ਦੇ ਮਨਸੂਬਿਆਂ ਦਾ ਵੀ ਸੁਣਿਆ ਤੇ ਲਿਖਿਆ "ਮਗਰ ਸ਼ਿਕਾਰੀ ਕਰੇ ਤਿਆਰੀ ਬਾਰ ਚਰੀਂਦੀਆ ਹਿਰਨਾਂ" । ਉਹਨਾਂ ਛਾਪੇ ਰਾਹੀਂ ਪੰਜਾਬੀ ਨੂੰ ਲਗਦੀ ਢਾਹ ਦਾ ਫੱਟ ਵੀ ਜਰਿਆ। ਇਸ ਲਈ ਇਸ ਵਿਚ ਕੋਈ ਹੈਰਾਨੀ ਦੀ ਗਲ ਨਹੀਂ ਜੋ ਉਹਨਾਂ ਆਪਣੀ ਲਿਖਤ ਦਾ ਸ਼ੁਰੂ ਹੀ 'ਸੁੱਕੇ ਬਾਗ਼' ਤੋਂ ਕੀਤਾ! ਓਸ ਵੇਲੇ ਪੰਜਾਬ ਦਾ ਬਾਗ਼ ਸੁੱਕ ਗਿਆ ਹੋਇਆ ਸੀ।

ਇਹ ਵੀ ਬੜੀ ਵਿਚਾਰ ਯੋਗ ਗਲ ਹੈ ਜੋ 'ਸੁੱਕੇ ਬਾਗ਼' ਦਾ ਪੰਜਾਬੀ ਅਦਬ ਵਿਚ ਧੁੰਮਾ ਕਾਦਰ ਯਾਰ ਦੇ ਪੂਰਨ ਭਗਤ ਰਾਹੀਂ ਹੋਇਆ ਜਿਹੜੇ ਰਣਜੀਤ ਸਿੰਘ ਦੇ ਵੇਲਿਆਂ ਦੇ ਅਤੇ ਕੁੱਝ ਹੋਰ ਬਿਆਨਾਂ ਮੁਤਾਬਿਕ ਰਣਜੀਤ ਸਿੰਘ ਦੇ ਦਰਬਾਰ ਦੇ ਸ਼ਾਇਰ ਸਨ। ਓਸ ਵੇਲੇ ਰਣਜੀਤ ਸਿੰਘ ਰਾਣੀਆਂ ਤੇ ਰਾਣੀਆਂ ਕਰੀ ਜਾ ਰਿਹਾ ਸੀ। ਉਹਦੇ ਹਰਮ ਵਿਚ ਕਈ ਜੁਆਨ ਕੁੜੀਆਂ ਪੂਰਨ ਭਗਤ ਦੇ ਪਿਓ ਦੀ ਜਵਾਨ ਰਾਣੀ ਲੂਣਾ ਵਾਂਗ ਸ਼ਾਮਲ ਹੋ ਰਹੀਆਂ ਸਨ। ਪੂਰਨ ਭਗਤ ਦੀ ਕਹਾਣੀ ਇਹ ਸੀ ਜੋ ਸਿਆਲਕੋਟ ਦੇ ਰਾਜੇ ਸਲਵਾਨ ਦੇ ਘਰ ਜਦ ਪੂਰਨ ਜੰਮੀਆਂ ਤੇ ਓਸ ਨੂੰ ਜੋਤਸ਼ੀਆਂ ਦੱਸਿਆ ਜੋ ਇਸ ਨੂੰ ਅਠਾਰਾਂ ਸਾਲਾਂ ਦੀ ਉਮਰ ਤੀਕਰ ਭੋਰੇ ਵਿਚ ਰੱਖ। ਅਜੇ ਪੂਰਨ ਭੋਰੇ ਵਿਚ ਕੈਦ ਕੱਟ ਰਿਹਾ ਸੀ ਜੋ ਰਾਜੇ ਸਲਵਾਨ ਬੁਢੇਪੇ ਵਿਚ ਇਕ ਸੋਹਣੀ ਜਵਾਨ ਕੁੜੀ ਨੂੰ ਰਾਣੀ ਬਣਾ ਲਿਆ। ਪਰ ਜਦ ਪੂਰਨ ਭੋਰੇ ਵਿਚੋਂ ਨਿਕਲ ਕੇ ਮਤਰੇਈ ਜਵਾਨ ਮਾਂ ਲੂਣਾ ਨੂੰ ਮਿਲਣ ਗਿਆ ਤੇ ਉਹ ਓਸ ਤੇ ਆਸ਼ਕ ਹੋ ਗਈ ਤੇ ਉਸ ਨੂੰ ਅੰਗ ਜੋੜਨ ਲਈ ਕਿਹਾ। ਪੂਰਨ ਦੇ ਇਨਕਾਰ ਤੇ ਓਸ ਰਾਜੇ ਸਲਵਾਨ ਅੱਗੇ ਸ਼ਿਕਾਇਤ ਲਾਈ ਜੋ ਪੂਰਨ ਓਸ ਦੀ ਇੱਜ਼ਤ ਤੇ ਹੱਥ ਪਾਇਆ ਹੈ। ਰਾਜੇ ਨੇ ਗ਼ੁੱਸੇ ਵਿਚ ਪੂਰਨ ਦੇ ਹੱਥ ਪੈਰ ਵਢਵਾ ਕੇ ਖੂਹ ਵਿਚ ਸੁਟਵਾ ਦਿੱਤਾ। ਉਥੋਂ ਲੰਘਦੇ ਜੋਗੀਆਂ ਓਸ ਨੂੰ ਬਚਾਇਆ ਤੇ ਓਸ ਦੇ ਹੱਥ ਪੈਰ ਠੀਕ ਕੀਤੇ। ਪਰ ਪੂਰਨ ਦੇ ਜਾਣ ਨਾਲ ਹੀ ਸਲਵਾਨ ਦੀ ਬਾਦਸ਼ਾਹੀ ਵਿਚ ਕਾਲ ਤੇ ਸੁੱਕਾ ਪੇ ਗਿਆ। ਓਸ ਦਾ ਬਾਗ਼ ਸੁੱਕ ਗਿਆ ਤੇ ਉਹ ਫਿਰ ਉਦੋਂ ਹਰਾ ਹੋਇਆ ਜਦ ਪੂਰਨ ਵਾਪਸ ਮੁੜਿਆ।

ਮੀਆਂ ਸਾਹਿਬ ਦੇ ਚੇਤੇ ਵਿਚ ਇਹ ਸੁੱਕਾ ਬਾਗ਼ ਵੀ ਸੀ ਜਿਹੜਾ ਪੂਰਨ ਦੇ ਕੱਢੇ ਜਾਵਣ ਨਾਲ ਸੁੱਕਦਾ ਹੈ ਤੇ ਉਸਦੇ ਮੁੜਨ ਨਾਲ ਹਰਾ ਹੁੰਦਾ ਹੈ। ਸੁੱਕੇ ਬਾਗ਼ ਦੀ ਰਮਜ਼ ਦੀ ਉਨ੍ਹੀਵੀਂ ਸਦੀ ਦੇ ਪੰਜਾਬੀ ਅਦਬ ਵਿਚ ਚਰਚਾ, ਉਦੋਂ ਹੀ ਆ ਵੜੀ ਸੀ ਜਦੋਂ ਅਜੇ ਰਣਜੀਤ ਸਿੰਘ ਦੇ ਵੇਲੇ ਸੁੱਖ ਸੀ ਤੇ ਹਰ ਪਾਸੇ ਚੜ੍ਹਤ ਸੀ। ਪਰ ਕਾਦਰ ਯਾਰ ਦੀਆਂ ਅੱਖਾਂ ਇਸ ਸੁੱਖ ਅੰਦਰ ਪੈਂਦਾ ਸੁੱਕਾ ਵੇਖ ਰਹੀਆਂ ਸਨ। ਜਦ ਮੀਆਂ ਸਾਹਿਬ ਦਾ ਵਾਰਾ ਆਇਆ ਤੇ ਪੰਜਾਬ ਦਾ ਬਾਗ਼ ਸੱਚੀ ਮੁਚੀ ਸੁੱਕ ਚੁੱਕਿਆ ਸੀ। ਇਸ ਲਈ ਮੀਆਂ ਸਾਹਿਬ ਗਲ ਉਥੋਂ ਸ਼ੁਰੂ ਕੀਤੀ ਜਿੱਥੇ ਕਾਦਰ ਯਾਰ ਮੁਕਾਈ ਸੀ।

"ਲੱਦ ਗਏ ਉਹ ਯਾਰ ਪਿਆਰੇ ਕਦਰ ਸ਼ਨਾਸ ਹਮਾਰੇ
ਸੁਖ਼ਨ ਸਰਾਫ਼ ਮੁਹੰਮਦ ਬਖ਼ਸ਼ਾ ਲਾਲਾਂ ਦੇ ਵਣਜਾਰੇ
ਮਜਲਸ ਬਹਿ ਬਹਿ ਗਏ ਸਿਆਣੇ, ਕਰ ਕਰ ਹੋਸ਼ ਸੰਭਾਲੇ
ਹਿਕ ਦੂਏ ਸੰਗ ਵਰਤੀ ਉਲਫ਼ਤ ਜਿਉਂ ਭਲਿਆਂ ਦੇ ਚਾਲੇ
ਲੈ ਲੈ ਗਏ ਸੁਖ਼ਨ ਦੀ ਲੱਜ਼ਤ, ਪੀ ਪੀ ਮਸਤ ਪਿਆਲੇ
ਖ਼ਾਲੀ ਰਹਿ ਗਏ ਮੱਟ ਮੁਹੰਮਦ, ਖ਼ਾਲੀ ਮਜਲਸ ਵਾਲੇ
ਕਿਧਰੇ ਨਜ਼ਰ ਨਾ ਆਵੇ ਕੋਈ ਭਰੇ ਪਿਆਲੇ ਵਾਲਾ
ਜੇ ਦਿੱਸੇ ਤਾਂ ਵਰਤੇ ਨਾਹੀਂ ਨਾ ਹਿਕ ਘੁੱਟ ਨਿਵਾਲਾ

ਕੇਹੋ ਅਸਾਂ ਥੀਂ ਉਹਲੇ ਹੋਏ ਸਾਕੀ ਮਸਤ ਪਿਆਲੇ
ਹਾਏ ਅਫ਼ਸੋਸ, ਮੁਹੰਮਦ ਬਖ਼ਸ਼ਾ, ਕੌਣ ਕਰੇ ਉਪਰਾਲੇ
ਯਾਰਾਂ ਬਾਝ ਸ਼ਰਾਬ ਸੁਖ਼ਨ ਦਾ ਵਰਤਣ ਤੇ ਕਦ ਜੀ ਸੀ
ਸੁੱਚਾ ਮੈਲਾ ਕੱਢ ਮੁਹੰਮਦ, ਜੋ ਪੀਵਸੀ ਸੋ ਪੀਸੀ "

ਮੀਆਂ ਸਾਹਿਬ ਪੰਜਾਬ ਦੇ ਸੁੱਕੇ ਲੱਗੇ ਬਾਗ਼ ਵਿਚ ਪੰਜਾਬੀ ਅਦਬ ਤੇ ਵਿਚਾਰ ਧਾਰਾ ਅੰਦਰ, ਜਿਹੜਾ ਉਹਨਾਂ ਦਾ ਮੀਦਾਂ ਹੈ, ਇਸ ਸੁੱਕੇ ਨੂੰ ਹੋਰ ਵੀ ਭੈੜੀ ਸ਼ਕਲ ਵਿਚ ਵੇਖਦੇ ਹਨ। ਉਹਨਾਂ ਨੂੰ ਇਸ ਗਲ ਦੀ ਵੀ ਪੂਰੀ ਆਸ ਨਹੀਂ ਜੋ ਉਹ ਜੋ ਕੁੱਝ ਸੈਫ਼ ਅਲਮਲੂਕ ਵਿਚ ਸਿਰਜਣ ਲੱਗੇ ਹਨ ਓਸ ਦਾ ਕੋਈ ਸੱਚਾ ਪਾਰਖੂ ਹੋਵੇਗਾ। ਜਦ ਵਾਰਿਸ ਸ਼ਾਹ ਹੀਰ ਮੁਕਾਈ ਸੀ ਤੇ ਉਨ੍ਹਾਂ ਸ਼ਿਅਰ ਕਿਹਾ "ਪਰਖ ਸ਼ਿਅਰ ਦੀ ਆਪ ਕਰ ਲੈਣ ਸ਼ਾਇਰ ਘੋੜਾ ਫੇਰਿਆ ਵਿਚ ਨਖ਼ਾਸ ਦੇ ਮੈਂ" । ਉਹਨਾਂ ਨੂੰ ਪੱਕ ਸੀ ਜੋ ਉਸ ਵੇਲੇ ਐਸੇ ਸ਼ਾਇਰ ਹਨ ਜਿਹੜੇ ਉਹਨਾਂ ਦੇ ਸ਼ਿਅਰ ਦੀ ਪਰਖ ਕਰ ਸਕਦੇ ਹਨ। ਪਰ ਅੰਗਰੇਜ਼ਾਂ ਦੇ ਮੋਢੇ ਤੇ ਚੜ੍ਹੀ ਉਰਦੂ ਦੇ ਧਾਵੇ ਤੇ ਹੋਰ ਕਾਰਨਾਂ ਪਾਰੋਂ ਮੀਆਂ ਸਾਹਿਬ ਨੂੰ ਇਹ ਵੀ ਯਕੀਨ ਨਹੀਂ ਸੀ। ਇਸ ਲਈ ਉਹਨਾਂ ਲਿਖਿਆ:
"ਮਰ ਮਰ ਇਕ ਬਣਾਵੇਂ ਸ਼ੀਸ਼ਾ, ਮਾਰ ਵੱਟਾ ਇਕ ਭੰਨ ਦੇ
ਦੁਨੀਆ ਉੱਤੇ ਥੋੜੇ ਰਹਿੰਦੇ ਕਦਰ ਸ਼ਨਾਸ ਸੁਖ਼ਨ ਦੇ
ਅੱਵਲ ਤੇ ਕੁੱਝ ਸ਼ੌਕ ਨਾ ਕਿਸੇ, ਕੌਣ ਸੁਖ਼ਨ ਅੱਜ ਸੁਣਦਾ?"

ਇਸ ਪਿਛੋਕੜ ਵਿਚ ਮੀਆਂ ਸਾਹਿਬ ਦੁਆ ਤੇ ਸੁੱਕੇ ਬਾਗ ਦੇ ਹਰੇ ਹੋਵਣ ਦੀ ਦੁਆ ਕਰਦੇ ਹਨ ਪਰ ਉਹਨਾਂ ਨੂੰ ਅੰਦਰੋਂ ਇਹ ਅਵਾਜ਼ ਵੀ ਆ ਰਹੀ ਹੈ ਜੋ ਉਹਨਾਂ ਦੀ ਹਯਾਤੀ ਅੰਦਰ ਬਾਗ਼ ਨੇ ਹਰਾ ਨਹੀਂ ਹੋਣਾ। ਇਸ ਲਈ ਉਹ ਦੂਜੇ ਮਿਸਰੇ ਵਿਚ ਦੁਆ ਦਾ ਘੇਰ ਸੌੜਾ ਕਰ ਲੈਂਦੇ ਨੇ ਤੇ ਸਿਰਫ਼ ਇਹ ਸਧਰਾਵਨਦੇ (ਸੁਧਰ ਕਰਦੇ) ਹਨ ਜੋ ਇਸ ਸੁੱਕੇ ਵੇਲੇ ਉਹਨਾਂ ਦੀ ਉਮੀਦ ਦਾ ਹੀ ਬੂਟਾ ਮੇਵੇ ਭਰਿਆ ਰਵੇ । ਜਦ ਪੰਜਾਬ ਪੂਰਨ ਨੂੰ ਅੰਗਰੇਜ਼ ਸਲਵਾਨਾਂ ਹੱਥ ਪੈਰ ਵੱਢ ਕੇ ਅੰਨ੍ਹੇ ਖੂਹ ਵਿਚ ਸੁੱਟ ਦਿੱਤਾ ਹੋਏ ਉਸ ਵੇਲੇ ਉਮੀਦ ਦੇ ਬੂਟੇ ਦੇ ਮੇਵੇ ਭਰਿਆ ਹੋਣ ਦਾ ਯਕੀਨ ਕੋਈ ਸੌਖਾ ਕੰਮ ਨਹੀਂ। ਇਹ ਓਸ ਤਰ੍ਹਾਂ ਦੀ ਰਮਜ਼ ਹੈ ਜਿਵੇਂ ਵਾਰਿਸ ਸ਼ਾਹ ਹੀਰ ਦੇ ਵਿਆਹ ਮਗਰੋਂ ਭਾਬੀਆਂ ਨੂੰ ਰਾਂਝੇ ਕੋਲੋਂ ਅਖਵਾਉਂਦੇ ਹਨ:
"ਭਾਬੀ ਖ਼ਿਜ਼ਾਂ ਦੀ ਰੁੱਤ ਜਦ ਆਨ ਪਹੁੰਚੀ ਭੌਰ ਆਸਰੇ ਤੇ ਪਏ ਜਾਲਦੇ ਨੀ ,
ਸੇਵਨ ਬੁਲਬੁਲਾਂ ਸਕੀਆਂ ਬੂਟਿਆਂ ਨੂੰ ਫਿਰ ਫੁੱਲ ਲਗਨ ਨਾਲ ਡਾਲ ਦੇ ਨੀ"

ਪਰ ਵਾਰਿਸ ਸ਼ਾਹ ਦੇ ਰਾਂਝੇ ਨੂੰ ਯਕੀਨ ਹੈ "ਅਸਾਂ ਜਦੋਂ ਕਦੋਂ ਉਹਨਾਂ ਪਾਸ ਜਾਣਾ ਜਿਹੜੇ ਮਹਿਰਮ ਅਸਾਡੜੇ ਹਾਲ ਦੇ ਨੀ"। ਮੀਆਂ ਸਾਹਿਬ ਦਾ ਵੇਲਾ ਤੇ ਏਨੇ ਯਕੀਨ ਦੀ ਵਿੱਥ ਵੀ ਨਹੀਂ ਦੇ ਰਿਹਾ ਜੇ ਸੁਨਸੀ ਤਾਂ ਕਿੱਸਾ ਉਤਲਾ ਕੋਈ ਨਾ ਰਮਜ਼ਾਂ ਪੁਣਦੇ